Weekly

# CANADA SIKH TIMES

13 - 19 July 2024

ਕੈਨੇਡਾ ਸਿੱਖ ਟਾਈਮਜ਼

Volume 2 Issue 28

• RELIGION • CULTURE • HERITAGE • BUSINESS

## ਦੋ ਨੌਜਵਾਨਾਂ ਨੇ ਕੈਨੇਡਾ 'ਚ ਚਮਕਾਇਆ ਪੰਜਾਬ ਦਾ ਨਾਂਅ



ਪੰਜਾਬ ਦੇ ਦੋ ਨੌਜੁਆਨਾਂ ਨੇ ਕੈਨੇਡਾ ਪੁਲਿਸ ਵਿਚ ਭਰਤੀ ਹੋ ਕੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਪਹਿਲਾ ਨੌਜਵਾਨ (ਫੋਟੋ ਵਾਲਾ) **ਰਣਇੰਦਰਜੀਤ ਸਿੰਘ** ਹੈ ਜੋ ਕਿ ਪਟਿਆਲੇ ਨਾਲ ਸੰਬੰਧਤ ਹੈ। ਰਣਇੰਦਰਜੀਤ ਸਿੰਘ ਨੇ 'ਟੋਰਾਂਟੋ ਪੁਲਿਸ ਪਾਰਕਿੰਗ ਐਨਫੋਰਸਮੈਂਟ ਅਫਸਰ' ਦਾ ਅਹੁਦਾ ਹਾਸਲ ਕੀਤਾ ਹੈ। ਰਣਇੰਦਰਜੀਤ ਸਿੰਘ 2019 ਵਿਚ ਕੈਨੇਡਾ ਗਿਆ ਸੀ। ਉਸ ਦੇ ਪਿਤਾ ਇੰਦਰਜੀਤ ਸਿੰਘ ਅਤੇ ਮਾਤਾ ਕੁਲਵਿੰਦਰ ਕੌਰ ਵੀ 2023 ਤੋਂ ਕੈਨੇਡਾ ਵਿੱਚ ਹੀ ਹਨ। ਰਣਇੰਦਰਜੀਤ ਦੇ ਮਾਪਿਆਂ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਅਹੁਦੇ ਦੀ 6 ਹਫਤੇ ਦੀ ਸਿਖਲਾਈ ਉਪਰੰਤ ਹੁਣ ਉਨ੍ਹਾਂ ਦਾ ਪੁੱਤਰ ਰਣਇੰਦਰਜੀਤ ਸਿੰਘ ਡਿਊਟੀ ਸੰਭਾਲਣ ਜਾ ਰਿਹਾ ਹੈ। ਦੂਜਾ ਨੌਜੁਆਨ ਕੁਲਜੀਤ ਸਿੰਘ ਹੈ ਜੋ ਪਿੰਡ ਬਿਜਲਪੁਰ ਦਾ ਰਹਿਣ ਵਾਲਾ ਹੈ। ਉਸ ਦੇ ਪਿਤਾ ਦਰਸ਼ਨ ਸਿੰਘ ਅਤੇ ਮਾਤਾ ਹਰਬੰਸ ਕੌਰ ਨੇ ਦੱਸਿਆ ਕਿ ਕੁਲਜੀਤ ਨੂੰ ਬਚਪਨ ਤੋਂ ਹੀ ਖੇਡਾਂ ਖਾਸ ਕਰ ਕਬੱਡੀ ਖੇਡਣ ਦਾ ਬਹੁਤ ਸ਼ੌਕ ਸੀ। ਮਾਪਿਆਂ ਨੇ ਦੱਸਿਆ ਕਿ ਟ੍ਰੇਨਿੰਗ ਤੋਂ ਬਾਅਦ ਉਸ ਨੂੰ ਕੈਨੇਡਾ ਦੇ ਲੈਥਬਰਿੱਜ ਸ਼ਹਿਰ ਵਿਚ ਤਾਇਨਾਤ ਕੀਤਾ ਗਿਆ ਹੈ।

## Despite Curbs, Canada Sees 13% Jump in International Study Visas



Despite the Canadian government's efforts to limit the number of temporary residents, including international students, the number of study permits issued in the first four months of this year has increased. In response to a housing affordability crisis affecting the popularity of Prime Minister Justin Trudeau's government, measures were announced to reduce the intake of temporary residents, including international students. However, data from Immigration, Refugees and Citizenship Canada (IRCC) shows an increase in the number of study permits issued between January and April 2024 compared to the same period in 2023. The total study permits issued rose from 165,805 in early 2023 to 187,510 in early 2024.

## 5 ਪੰਜਾਬਣਾਂ ਨੂੰ ਬ੍ਰਿਟਿਸ਼ ਕੋਲੰਬੀਆ 'ਚ ਮਿਲਿਆ 1.95 ਕਰੋੜ ਦਾ ਵਜ਼ੀਫ਼ਾ







ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਵਿੱਦਿਅਕ ਖੇਤਰ 'ਚ ਅਹਿਮ ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ ਵਲੋਂ ਸੂਬੇ ਦੇ ਵੱਖ-ਵੱਖ ਸਕੂਲਾਂ ਤੋਂ ਗਰੈਜੂਏਟ ਹੋਈਆਂ 5 ਪੰਜਾਬੀ ਵਿਦਿਆਰਥਣਾਂ ਨੂੰ 3 ਲੱਖ 22 ਹਜ਼ਾਰ ਡਾਲਰ ਯਾਨੀ ਕਰੀਬ ਇਕ ਕਰੋੜ 95 ਲੱਖ ਰੁਪਏ ਦਾ ਵਜ਼ੀਫ਼ਾ ਦਿੱਤਾ ਗਿਆ ਹੈ। ਖ਼ਾਲਸਾ ਸੈਕੰਡਰੀ ਸਕੂਲ ਦੀ ਹੋਣਹਾਰ ਵਿਦਿਆਰਥਣ ਹਰਨੂਰ ਕੌਰ ਧਾਲੀਵਾਲ ਨੂੰ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਪ੍ਰੈਜ਼ੀਡੈਂਟਲ ਸਕਾਲਰਜ਼ ਐਵਾਰਡ ਅਧੀਨ 80 ਹਜ਼ਾਰ, ਸਾਈਮਨ ਫਰੇਜ਼ਰ ਯੂਨੀਵਰਸਿਟੀ ਵਲੋਂ 40 ਹਜ਼ਾਰ, ਬੀ.ਸੀ. ਐਕਸੀਲੈਂਸ 5 ਹਜ਼ਾਰ, ਸਿੱਖ ਵਿਰਾਸਤੀ 1500 ਤੇ ਡਿਸਟ੍ਰਿਕਟ ਅਥਾਰਟੀ ਵਲੋਂ 1250 ਡਾਲਰ ਯਾਨੀ ਕੁੱਲ ਇਕ ਲੱਖ 27 ਹਜ਼ਾਰ 750 ਡਾਲਰ ਵਜ਼ੀਫ਼ਾ ਮਿਲਿਆ ਹੈ, ਜਦੋਂ ਕਿ ਸੀਮੋਲਕ ਫਾਊਂਡੇਸ਼ਨ ਵਲੋਂ ਅਮਨੀਕ ਖੋਸਾ, ਜੀਆ ਗਿੱਲ, ਰਾਵੀਨ ਰਾਏ ਅਤੇ ਤਮੰਨਾ ਕੌਰ ਗਿੱਲ ਨੂੰ ਇਕ ਲੱਖ 80 ਹਜ਼ਾਰ ਡਾਲਰ ਦਾ ਵਜ਼ੀਫ਼ਾ ਦਿੱਤਾ ਗਿਆ ਹੈ।

ਤਮੰਨਾ ਕੌਰ ਗਿੱਲ ਨੂੰ ਯੂਨੀਵਰਸਿਟੀ ਫਰੇਜ਼ਰ ਆਫ਼ ਬ੍ਰਿਟਿਸ਼ ਕੋਲੰਬੀਆ ਪ੍ਰੈਜ਼ੀਡੈਂਟਲ ਸਕਾਲਰਜ਼ ਐਵਾਰਡ ਅਧੀਨ 15 ਹਜ਼ਾਰ ਡਾਲਰ ਦਾ ਵੀ ਵਜ਼ੀਫ਼ਾ ਮਿਲਿਆ ਹੈ। ਜੀਆ ਗਿੱਲ ਤੇ ਤਮੰਨਾ ਗਿੱਲ ਆਉਂਦੇ ਸਤੰਬਰ ਮਹੀਨੇ ਤੋਂ ਬੀ.ਐੱਸ.ਸੀ. ਤੇ ਐਨੀ ਖੋਸਾ ਡੈਂਟਿਸਟਰੀ ਦੀ ਪੜ੍ਹਾਈ ਸ਼ੁਰੂ ਕਰਨਗੀਆਂ, ਜਦੋਂ ਕਿ ਰਾਵੀਨ ਰਾਏ ਖੇਡਾਂ ਜਾਂ ਫੈਸ਼ਨ ਦੇ ਕਰੀਏਟਵ ਡਾਇਰੈਕਟਰ ਦਾ ਕੰਮ ਕਰਨਾ ਚਾਹੁੰਦੀ ਹੈ।

# DESH VIDESH



## ਸੂਤਕ ਦੇ ਭਰਮ ਭੁਲੇਖੇ

- ਸਤਵੰਤ ਕੌਰ, ਜਮਸ਼ੇਦਪੁਰ

ਸਿੱਖ ਧਰਮ ਦੇ ਪਹਿਲੇ ਗੁਰੂ ਨਾਨਕ ਸਾਹਿਬ ਜੀ ਦਵਾਰਾ ਰਚਿਤ ਆਸਾ ਦੀ ਵਾਰ ਬਾਣੀ ਦੇ 18ਵੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਇਕ ਬੜਾ ਵੱਡਾ ਭੁਲੇਖਾ ਦੂਰ ਕਰਦੇ ਹਨ। ਜੇ ਕਰਿ ਸੂਤਕ ਮਨੀਐ ਸਭ ਤੈ ਸੂਤਕ ਹੋਇ- ਹਿੰਦੂ ਮਤ ਅਨੁਸਾਰ ਜੀਵ ਦੇ ਜਨਮ ਸਮੇਂ ਅਨੁਸਾਰ ਘਰ ਵਿਚ ਸੂਤਕ ਦੀ ਅਪਵਿੱਤਰਤ ਦਾ ਹੋਣਾ ਮਨਿਆ ਗਿਆ ਹੈ, ਜੋ ਕਈ ਦਿਨਾਂ ਤੱਕ ਰਹੰਦੀ ਹੈ

ਸਮ੍ਰਿਤੀ ਦੀ ਵਰਨ ਵੰਡ ਅਨੁਸਾਰ ਇਹ ਅਪਵਿੱਤਰਤਾ ਬ੍ਰਾਹਮਣ ਦੇ ਘਰ 11 ਦਿਨਾਂ ਦੀ ਖੱਤਰੀ ਦੇ 13 ਦਿਨ ਦੀ, ਵਸੈਯਾ ਦੇ 17 ਦਿਨ ਦੀ, ਸੁੱਧਰ ਦੇ ਘਰ 30 ਦਿਨਾਂ ਤੱਕ ਚਲਦੀ ਹੈਲ ਬਾਹਰੀ ਸੂਤਕ ਦੀ ਗੱਲ ਪੀੜੀ ਦਰ ਪੀੜੀ ਚਲਦੀ ਹੈ ਅਸ਼ੀ ਵੀ ਇਸ ਤੋਂ ਵਾਂਝੇ ਨਹੀ ਹਾਂ। ਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਉਂਦੇ ਹਨ ਜੇ ਕਰ ਅਸੀਂ ਸੂਤਕ ਵਾਲੀ ਭਿਟ ਦਾ ਭਰਮ ਮਨ ਲਈਏ ਤਾਂ ਇਹ ਸੂਤਕ ਹਰ ਥਾਂ ਤੇ ਹੋਵੇਗਾ ਅਗੇ ਗੁਰੂ ਜੀ ਦਲੀਲ ਦਿਦੇ ਹਨ- ਗੋਹੇ ਅਤੇ ਲੱਕੜੀ, ਅੰਦਰ ਕੀੜਾ ਹੋਇ ਲਲ ਗੋਹੇ ਅਤੇ ਲੱਕੜੀ ਵਿਚ ਵੀ ਕੀੜਏ ਜਨਮ ਲੈਂਦੇ ਹਨ! ਚੁਲੇ ਦੀ ਅੱਗ ਵਿਚ ਸਾੜਕੇ ਮਰਦੇ ਰਹੰਦੇ ਹਨ!

ਜੇਤੇ ਦਾਨੇ ਅੰਨ ਕੇ, ਜੀਆ ਬਾਝ ਨਾ ਕੋਈ!! ਅਨਾਜ ਦੇ ਵੀ ਜਿੰਨੇ ਦਾਨੇ ਹਨ ਉਹ ਵੀ ਜੀਵ ਤੋਂ ਬਿਨਾ ਨਹੀ ਹਨ! ਜੇ ਦਾਨਿਆਂ ਨੂੰ ਰੇਨ ਕੇ ਪਕਾਉਨ ਨਾਲ ਮਰ ਜਾਂਦੇ ਹਨ! ਜਿਵੇਂ ਚਨੇ ਦੇ ਅੰਕੁਰ ਕੱਢ ਦੇ ਹਾਂ ਉਸ ਵਿਚ ਜੀਵ ਹੈ ਹਾਲੇ ਛਿੱਲਕਾ ਵੀ ਨਹੀਂ ਉੱਤਰਯਾ ਉਸ ਨੂੰ ਖਾ ਲੈਂਦੇ ਹਾਂ ਕੀ ਇਹ ਸੂਤਕ ਨਹੀਂ ਹੈ? ਅਗੈ ਗੁਰੂ ਜੀ ਫਰਮਾਂਦੇ ਹਨ “ਪਹਿਲਾ ਪਾਣੀ ਜੀਓ ਹੈ, ਜਿਤੁ ਹਰਿਆ ਸਭ ਕੋਈ” ਸੂਤਕ ਦੀ ਬੇਬੁਨਿਆਦ ਕਿਵੇਂ ਮਨੀ ਜਾ ਸਕਦੀ ਹੈ ਪਾਣੀ ਤਾਂ ਆਪ ਹੀ ਜੀਵ ਹੈ ਜਿਸ ਨਾਲ ਹਰੇਕ ਜੀਵ ਅਤੇ ਬਨਸਪਤੀ ਹਰੇ ਭਰੇ ਅਤੇ ਸਜੀਵ ਰਹੰਦੇ ਹਨ ਪਰ ਰਸੋਈ ਵਿਚ ਵਰਤਇਆ ਵਿਚਲੇ ਜੀਵ ਮਰ ਜਾਂਦੇ ਹਨ, ਸੂਤਕ ਦਾ ਧਰਮ ਹੀ ਹੈ ਜਦ ਕੀ ਪਾਣੀ ਦੀ ਲਗਾਤਾਰ ਵਰਤੋਂ ਕਾਰਨ ਸਾਡੀ ਰਸੋਈ ਵਿਚ ਨਿਤ ਹੀ ਸੂਤਕ ਪਿਆ ਰਹੰਦਾ ਹੈ! ਅਗੈ ਬਾਣੀ ਵਿਚ ਗੁਰੂ ਜੀ ਆਖਦੇ ਹਨ “ਸੂਤਕ ਕਿਉ ਕਰਿ ਰੱਖੀਐ, ਸੂਤਕ ਪਵੈ ਰਸੋਈ” ਸਾਡੇ ਜੇਰੇ ਸਵਾਸ ਅੰਦਰ ਜਾਂਦੇ ਹਨ ਉਹ ਜਨਮ ਹੈ ਸੂਤਕ ਹੈ, ਪਰ ਜਦੋਂ ਅਖੀਰਲਾ ਸਵਾਸ ਬਾਹਰ ਆਉਂਦਾ ਹੈ ਮਰਨ ਹੈ ਪਾਤਕ ਹੈ! ਸਰੀਰ ਦੇ ਵਿਚ ਖ਼ੂਨ ਅੰਦਰ ਕਿਤਨੇ ਹੀ ਸੈੱਲ਼ ਜਿਉਂਦੇ ਤੇ ਮਰਦੇ ਹਨ ਇਸ ਤਰ੍ਹਾਂ ਤੇ ਸਾਡੇ ਪੂਰੇ ਸਰੀਰ ਨੂੰ ਸੂਤਕ ਚੰਬੜ ਰਿਆ ਹੈ

ਨਾਨਕ, ਸੂਤਕ ਏਵ ਨ ਉਤਰੈ, ਗਿਆਨ ਉਤਾਰੇ ਧੋਇ!! ਗੁਰੂ ਜੀ ਸਮਜਾਉਣ ਕਰਦੇ ਹਨ ਇਸ ਤਰ੍ਹਾਂ ਦੇ ਭਰਮ ਭੁਲਾਖੇਆਂ ਵਿਚ ਪੈ ਰਹਿਣ ਨਾਲ ਸੂਤਕ ਦੀ ਭਿਤ ਨਹੀ ਉਤਰਦੀ ਅਸਲ ਆਪਿਵਿਤ੍ਰਤਾ ਵਿਕਾਰਾਂ ਦੀ ਮੈਲ ਨੂੰ ਰੱਬੀ ਗਿਆਨ ਹੀ ਧੋ ਕੇ ਉਤਾਰ ਸੱਕਦਾ ਹੈ! ਸਿੱਖ ਰਹਿਤ ਮਰਯਾਦਾ ਅਨੁਸਾਰ ਸਿੱਖ ਦੇ ਘਰ ਬੱਚਾ ਬੱਚੀ ਦੇ ਜਨਮ ਹੋਣ ਮਗਰੋਂ ਮਾਤਾ ਉੱਠਣ ਬੈਠਣ ਯੋਗ ਹੋਵੇ ਦਿਨਾਂ ਦੀ ਕੋਈ ਗਿਣਤੀ ਮੁਕਰਰ ਨਹੀ! ਟੱਬਰ ਦੇ ਸੰਬੰਧੀ ਕੜ੍ਹਾ ਪ੍ਰਸਾਦ ਲੈ ਜਾਣ ਜਾਂ ਕਰਵਾਨ ਤੇ ਗੁਰੂ ਦੇ ਹਜ਼ੂਰ ਖੁਸ਼ੀ ਤੇ ਧੰਨਬਾਦ ਦੇ ਸ਼ਬਦ ਪੜ੍ਹਨ!

(ਬਾਕੀ ਅਗਲੀ ਵਾਰੀ)

## Kargil War



On the 25th anniversary of the re-capture of Tiger Hill, it is fitting to remember the handful of soldiers of the 8 Sikh battalion who foiled repeated counterattacks launched by Pakistani troops under Capt Karnal Sher Khan and ensured that Tiger Hill remained in Indian hands.

The name of Subedar Nirmal Singh, from Gurdaspur district in Punjab, holds special importance as he was the last JCO left alive who foiled the Pakistani counterattacks and finally died in the battle. The Sikh battalion lost 14 men in those repeated counterattacks with four Junior Commissioned Officers (JCOs) dead and two officers wounded.

Nestled between Tingel and Sando nala, the daunting Tiger Hill commands attention with its steep rocky slopes. Rising to a towering height of over 16,500 feet, the mountain stands as one of the region's grandest, providing a commanding view of the Mushkoh region and partially encompassing the Matayin Bowl, along with the picturesque Drass village and the vital national highway. Its snow-covered terrain presented arduous challenges, with certain areas posing exceptional difficulties for climbers.

The Tiger Hill complex spans an impressive stretch and at its pinnacle, the width narrows to a mere five metres, while notable features such as India Gate and Helmet expand to about 30 metres in breadth. In an earlier conversation with The Indian Express, Brig MPS Bajwa (retd), the Commander of 192 Mountain Brigade which captured Tiger Hill, had recalled how he had planned the operation.

> "Instead of four battalions which we had initially planned, the final task came down to 18 Grenadiers and 8 Sikh. We decided to approach the top from the most difficult side. I selected the ghatak platoon of 18 Grenadiers for the task and got the mountaineers from high-altitude warfare school to train them. The GOC was sceptical saying it was a very difficult task," he said.

The brigade commander also selected the 8 Sikh for a tough task saying that it had to live up to the reputation of the regiment. The battalion had not fared well in an earlier engagement with the enemy with the consequence that the morale was low and senior officers in the chain of command were sceptical about the chances of its success.

(Continued)

# HERITAGE

## ਪੰਜਾਬ ਵਲੋਂ ਇੰਗਲੈਂਡ ਨੂੰ ਲੀਚੀ ਨਿਰਯਾਤ ਕਰਨ ਲਈ ਹੋਏਗਾ ਰਾਹ ਪੱਧਰਾ



ਇੰਗਲੈਂਡ (ਯੂਕੇ) ਦੀ ਡਿਪਟੀ ਹਾਈ ਕਮਿਸ਼ਨਰ ਕੈਰੋਲਿਨ ਰੋਵੇਟ ਵੱਲੋਂ ਪੰਜਾਬ ਦੇ ਬਾਗਬਾਨੀ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਬਰਤਾਨਵੀ ਡਿਪਟੀ ਹਾਈ ਕਮਿਸ਼ਨਰ ਨੇ ਭਵਿੱਖ ਵਿੱਚ ਲੀਚੀ ਦੇ ਨਿਰਯਾਤ ਸਬੰਧੀ ਅਗਲੇਰੀ ਰਣਨੀਤੀ ਤੇ ਖੇਤੀ ਸਹਾਇਕ ਤਕਨੀਕਾਂ ਨੂੰ ਸਾਂਝਾ ਤੇ ਉਤਸ਼ਾਹਿਤ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ। ਮੀਟਿੰਗ ’ਚ ਪੰਜਾਬ ਦੀ ਬਰਾਮਦ ਲਈ ਏਕੀਕ੍ਰਿਤ ਬ੍ਰਾਂਡ ਦੇ ਵਿਕਾਸ ਸਣੇ ਸੂਰਜੀ ਊਰਜਾ, ਆਰਟੀਫਿਸ਼ੀਅਲ ਇੰਟੈਲੀਜੈਂਸ ਤੇ ਡਰੋਨ ਮੈਪਿੰਗ, ਖੇਤੀ ਦੀਆਂ ਉੱਨਤ ਤਕਨੀਕਾਂ, ਖੇਤੀ ਕਾਰੋਬਾਰ ਉਦਮਾਂ ਸਬੰਧੀ ਮੌਕੇ ਅਤੇ ਕਾਰਬਨ ਅਤੇ ਵਾਟਰ ਕ੍ਰੈਡਿਟ ਦੀ ਖੋਜ ਬਾਰੇ ਸਹਿਯੋਗ ਲਈ ਵਿਚਾਰ-ਚਰਚਾ ਕੀਤੀ ਗਈ। ਸ੍ਰੀ ਜੌੜਾਮਾਜਰਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਛੇਤੀ ਹੀ ਲੀਚੀ ਦੀ ਵੱਢੀ ਖੇਪ ਇੰਗਲੈਂਡ ਭੇਜੀ ਜਾਵੇਗੀ। ਸ੍ਰੀਮਤੀ ਰੋਵੇਟ ਨੇ ਲੀਚੀ ਨਿਰਯਾਤ ਪ੍ਰੋਗਰਾਮ ਵਿੱਚ ਡੂੰਘੀ ਦਿਲਚਸਪੀ ਦਿਖਾਈ ਹੈ ਅਤੇ ਪੰਜਾਬ ਤੇ ਬਰਤਾਨੀਆ ਦਰਮਿਆਨ ਭਵਿੱਖੀ ਸਹਿਯੋਗ ਲਈ ਅਗਲੇਰੀ ਰੂਪ-ਰੇਖਾ ਉਲੀਕਣ ਦਾ ਭਰੋਸਾ ਦਿੱਤਾ। ਜ਼ਿਕਰਯੋਗ ਹੈ ਕਿ ਪੰਜਾਬ ਨੂੰ ਵਿਸ਼ਵ ਲੀਚੀ ਮੰਡੀ ਵਿੱਚ ਵੱਡੇ ਕਾਸ਼ਤਕਾਰ ਵਜੋਂ ਸਥਾਨ ਪ੍ਰਾਪਤ ਹੈ।

## ਕੁਝ ਕਾਲਜਾਂ ਤੇ ਯੂਨੀਵਰਸਿਟੀਆਂ ਦਾ ਸਟੱਡੀ ਪਰਮਿਟ ਰੱਦ ਕਰ ਸਕਦੀ ਹੈ ਕੈਨੇਡਾ ਸਰਕਾਰ



ਕੈਨੇਡਾ ਉਨ੍ਹਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਲਈ ਅਧਿਐਨ ਪਰਮਿਟ ਦੀ ਪ੍ਰਕਿਰਿਆ ਬੰਦ ਕਰ ਦੇਵੇਗਾ ਜਿਹੜੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਟਰੈਕ ਕਰਨ ਵਿਚ ਅਸਫਲ ਰਹਿੰਦੇ ਹਨ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵਾਧੇ ਨੂੰ ਰੋਕਣ ਲਈ ਬਦਲਾਅ ਕਰ ਰਹੇ ਹਨ। ਪ੍ਰਸਤਾਵਿਤ ਨਿਯਮ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਸੰਘੀ ਇਮੀਗ੍ਰੇਸ਼ਨ ਵਿਭਾਗ ਨੂੰ ਰਿਪੋਰਟ ਕਰਨ ਲਈ ਮਜਬੂਰ ਕਰਨਗੇ ਕਿ ਕੀ ਕੋਈ ਵਿਦਿਆਰਥੀ ਸਕੂਲ ਜਾ ਰਿਹਾ ਹੈ ਅਤੇ ਸਾਰੀਆਂ ਸਟੱਡੀ ਪਰਮਿਟ ਲੋੜਾਂ ਦੀ ਪਾਲਣਾ ਕਰ ਰਿਹਾ ਹੈ। ਇਹ ਕਦਮ ਕੈਨੇਡਾ ਦੇ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਵਿਚ ਵਿਸ਼ਵਾਸ ਬਹਾਲ ਕਰਨ ਦੀਆਂ ਹਾਲੀਆ ਕੋਸ਼ਿਸ਼ਾਂ ਦਾ ਹਿੱਸਾ ਹੈ। ਇਮੀਗ੍ਰੇਸ਼ਨ ਅਧਿਕਾਰੀਆਂ ਨੇ ਕਿਹਾ ਕਿ ਸੋਧਾਂ ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਲਈ ਸਾਧਨ ਪ੍ਰਦਾਨ ਕਰਨਗੀਆਂ ਕਿ ਸਿਰਫ “ਸੱਚੇ” ਕਾਲਜ ਅਤੇ ਯੂਨੀਵਰਸਿਟੀਆਂ ਅਧਿਐਨ ਪਰਮਿਟ ਲਈ ਯੋਗ ਹੋਣਗੀਆਂ। ਵਿਦਿਆਰਥੀ ਨੂੰ ਸਵੀਕ੍ਰਿਤੀ ਦੀ ਪੁਸ਼ਟੀ ਕਰਨ ਲਈ ਇਮੀਗ੍ਰੇਸ਼ਨ ਵਿਭਾਗ ਦੀ ਬੇਨਤੀ ਦਾ ਜਵਾਬ ਦੇਣ ਲਈ 10 ਦਿਨ ਦਿੱਤੇ ਜਾਣਗੇ। ਉਨ੍ਹਾਂ ਕੋਲ ਹਰੇਕ ਵਿਦਿਆਰਥੀ ਦੇ ਦਾਖਲੇ ਦੀ ਸਥਿਤੀ ਅਤੇ ਕੀ ਉਹ ਸਰਗਰਮੀ ਨਾਲ ਆਪਣਾ ਕੋਰਸ ਕਰ ਰਹੇ ਹਨ, ਬਾਰੇ ਇਕ ਪਾਲਣਾ ਰਿਪੋਰਟ ਦਰਜ ਕਰਨ ਲਈ 60 ਦਿਨ ਵੀ ਹੋਣਗੇ।

## Canada to Crack Down on Study Permit Loopholes




Canada's federal government plans to halt the processing of study permits for post-secondary students if institutions do not properly monitor the enrollment of international students. Under the proposed regulations, colleges and universities would be required to inform the federal Immigration Department about students' attendance and adherence to study permit conditions. This initiative aims to protect international students from scams and prevent the misuse of study permits as a backdoor entry for work in Canada. Under the plan published in the Canada Gazette, students must also apply for a new study permit whenever they want to switch schools, and before the start date of the new study program.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. “ਗੁਰੂ ਗ੍ਰੰਥ ਸਾਹਿਬ ਜੀ” ਵਿੱਚ ਦਰਜ “ਆਸਾ ਦੀ ਵਾਰ” ਦੀਆਂ ਉਹ ਪਉੜੀਆਂ ਦਸੋਂ, ਜਿਸ ਵਿੱਚ ਚਾਰ ਚਾਰ ਸਲੋਕ ਦਰਜ ਹਨ?**

a. 12 ਅਤੇ 13 b. 12 ਅਤੇ 14
c. 12 ਅਤੇ 15 d. 13 ਅਤੇ 15

**2. “ਗੁਰੂ ਗ੍ਰੰਥ ਸਾਹਿਬ ਜੀ” ਵਿੱਚ ਦਰਜ “ਆਸਾ ਦੀ ਵਾਰ” ਦੀਆਂ ਉਹ ਪਉੜੀਆਂ ਦਸੋਂ ਜਿਸ ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਕੋਈ ਸਲੋਕ ਨਹੀਂ ਹੈ?**

a. 4 ਅਤੇ 15 b. 15, 16 ਅਤੇ 17
c. 6, 7 ਅਤੇ 8 d. 21, 22 ਅਤੇ 23

**3. ਗੁਰਬਾਣੀ ਵਿੱਚ ਦਯੁ ਸ਼ਬਦ (ਔਂਕੜ ਨਾਲ) ਜਿਸਦਾ ਅਰਥ ਪਰਮਾਤਮਾ ਨੂੰ ਹੈ ਕਿੰਨੀ ਵਾਰੀ ਆਇਆ ਹੈ?**

a. 5 b. 7
c. 9 d. 11

**4. ਗੁਰੂ ਗ੍ਰੰਥ ਸਹਿਬ ਵਿੱਚ ਦਯਿ ਸ਼ਬਦ (ਸਿਹਾਰੀ ਨਾਲ) ਜਿਸਦਾ ਅਰਥ ਅਕਾਲ ਪੁਰਖ ਰਾਂਹੀ ਹੈ ਕਿੰਨੀ ਵਾਰੀ ਆਇਆ ਹੈ?**

a. 7 b. 9
c. 12 d. 15

(ਵੇਖੋ ਉੱਤਰ ਪੰਨਾ 4 ’ਤੇ)

# POETRY

## ਊੜੇ ਦੀ ਪੱਟੀ ਲੈਣੀ ਏ

ਇੰਦਰ ਬੀਰ ਸਿੰਘ ਕਸ਼ਮੀਰੀ



ਪੈਂਤੀ ਅੱਖਰ ਪੜ੍ਹ ਕੇ ਵੀ ਮੈਂ
ਜਾਣ ਨ ਸਕਿਆ ਊੜੇ ਨੂੰ
ਲਗਾਂ ਮਾਤਰਾਂ ਦੂੱਤ ਅੱਖਰਾਂ ਵਿਚ
ਢੂੰਢਦਾ ਰਿਹਾ ਊੜੇ ਨੂੰ
ਮੁਕਤਾ ਕੰਨਾਂ ਸਿਹਾਰੀ ਬਿਹਾਰੀ
ਲਾ ਨ ਸਕਿਆ ਊੜੇ ਨੂੰ

ਲਾਂ ਦੂਲਾਵਾਂ ਅੱਤੇ ਕਨੌੜਾ
ਨ ਨੇੜੇ ਢੁੱਕਦੇ ਊੜੇ ਦੇ,
ਔਂਕੜ ਦੁਲੈਂਕੜ, ਅੱਤੇ ਹੋੜਾ,
ਪੱਕੇ ਯਾਰ ਨੇ ਊੜੇ ਦੇ।
ਦੱਸ ਦੱਸ ਮਾਤਰਾਂ ਨਾਲ ਸੱਜਦੇ
ਬੱਤੀ ਅੱਖਰ ਵੇਖੇ ਨੇ,
ਊੜਾ ਨਾਲ ਤਿੰਨਾਂ ਮਾਤਰਾਂ,
ਸਿਰਤਾਜ ਹੈ ਸਭਨਾ ਅੱਖਰਾਂ ਦਾ।

ਜੋ ਊੜੇ ਨੂੰ ਹੈ ਜਾਣ ਗਿਆ
ਵੱਖਰੀ ਉਹ ਪਹਿਚਾਣ ਬਣਾ ਗਿਆ
ਦਰਸ਼ਨ ਜਦ ਬਾਣੀ ਦੇ ਕੀਤੇ
ਭੇਦ ਗੁੱਜੇ ਸੁਲਝੇ ਲਗਦੇ ਗਏ,
ਸਤਿਗੁਰੂ ਬਾਬੇ ਨਾਨਕ ਨੇ,
ਲਾ ਏਕਾ ੧ ਅਗੇ ਊੜੇ ਦੇ
ਰੂਪ ਊੜੇ ਦਾ ਬਦਲਾ ਦਿੱਤਾ

ਇਹ ਊੜਾ ਜੋ ਬਣਿਆ ਹੀਰਾ
ਵਿਚ ਬਾਣੀ ਸੱਜਿਆ ਦਿਸਦਾ ਏ
ੴ ਨਾਲ ਸੱਜਿਆ ਊੜਾ
ਪ੍ਰਤੱਖ ਗੁਣੀ ਗਹੀਰਾ ਏ

ਊੜੇ ਨੂੰ ਜੋ ਸਮਝੇਗਾ
ਲਿੱਪੀ ਨੂੰ ਉਹ ਪਹਿਚਾਣੇਗਾ
ਪੈਂਤੀ ਅੱਖਰ ਉਹ ਹੀ ਜਾਣੇਗਾ

ਇਹ ਊੜਾ ਹੈ ਬੁਨਿਆਦ ਲਿੱਪੀ ਦੀ
ਗੁਰਮੁੱਖੀ ਦੀ ਹੈ ਪਹਿਚਾਣ ਊੜਾ
ਆਉ ਮਿੱਤਰੋ, ਆਉ ਸਿੱਖੋ
ਆਉ ਸਾਰੇ ਹੰਭਲਾ ਮਾਰੋ
ਘਰਾਂ ਵਿਚ ਸਕੂਲਾਂ ਵਿਚ
ਸ਼ਹਿਰਾਂ ਵਿਚ ਪਿੰਡਾਂ ਵਿਚ
ਊੜੇ ਨੂੰ ਪਹਿਚਾਣ ਬਣਾਉ
ਆਪਣੇ ਸਭਿਆਚਾਰ ਦੀ।

ਅੱਜ ਨ ਜਾਗੇ ਤਾਂ ਸੋ ਜਾਉਗੇ
ਸੁੱਤੇ ਸੁੱਤੇ ਲੁੱਟ ਜਾਉਗੇ
ਫਿਰ ਜਾਗਣ ਦਾ ਲਾਭ ਨ ਕੋਈ
ਜਦ ਲੈ ਜਾਸੀ ਕੋਈ ਚੁੱਕ ਕੇ ਲੋਈ
ਬਾਣੀ ਸਿੱਖ ਦੀ ਜੀਵਨ ਜੁਗਤੀ
ਬਾਣੀਆਂ ਸਿਰਿ ਬਾਣੀ ਏ,
ਬਾਣੀ ਨਾਲ ਜੁੜਨ ਲਈ ਸਿੱਖੇ
ਊੜੇ ਦੀ ਪੱਟੀ ਲੈਣੀ ਏ
ਊੜੇ ਦੀ ਪੱਟੀ ਲੈਣੀ ਏ। ◆◆


## SIKH MATRIMONIALS

Gursikh girl 30/5'3"/Bcom, BEd /on work visa in Canada/ two brothers/ one is PR in Canada/ Contact +91 9971576271

Sikh girl 31/5'/ B.Tech /Canada PR/ Tech Advisor/ Parents Retd Govt official in Mohali SAS Nagar Contact +91 98157 75166

Gursikh Boy 28/5'11"/ M.Eng Univ. Of Windsor, Canada/ Quality Engineer Package 50000$CAD./PR holder/ Contact+91 8171651165

Gursikh Boy 28/5'10"/ Masters in Strategic Marketing/ Working as Digital Account Strategist in Canada/ Contact +91 9990390306


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. D 3. B 4. C

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555